# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com

<u>ਹੁਕਮ</u>

ਹੁਕਮ ਨੰ: ਡੀ.ਜੀ.ਐਸ.ਈ/ਕੋਆਰਡੀਨੇਸ਼ਨ/2013/ 005367 ਮਿਤੀ: 15.03.2013

ਜਿਲ੍ਹਾ ਸਾਇੰਸ ਸੁਪਰਵਾਇਜ਼ਰ ਫਿਰੋਜਪੁਰ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਉਨ੍ਹਾਂ ਦੀ ਡਿਊਟੀ ਜਿਲ੍ਹਾ ਫਾਜ਼ਿਲਕਾ ਦੇ ਪ੍ਰੀਖਿਆ ਕੇਂਦਰ ਚੈਕ ਕਰਨ ਲਈ ਲਗਾਈ ਗਈ ਸੀ। ਚੈਕਿੰਗ ਵੇਲੇ ਉਨ੍ਹਾਂ ਵੱਲੋਂ ਨਿਊ ਆਦਰਸ਼ ਪਬਲਿਕ ਸਕੂਲ ਫਾਜਿਲਕਾ ਚੈਕ ਕੀਤਾ ਗਿਆ, ਜਿਸ ਦੌਰਾਨ ਉਨ੍ਹਾਂ ਵੱਲੋਂ ਨਕਲ ਦੇ ਪੰਜ ਕੇਸ ਫੜੇ ਗਏ ਅਤੇ ਉਸ ਵੇਲੇ ਕੇਂਦਰ ਵਿੱਚ ਬਤੌਰ ਨਿਗਰਾਨ ਡਿਊਟੀ ਦੇ ਰਹੇ ਸ੍ਰੀ ਰਣਬੀਰ ਸਿੰਘ, ਸਾਇੰਸ ਮਾਸਟਰ, ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਾਜਿਲਕਾ, ਜਿਲ੍ਹਾ ਫਾਜਿਲਕਾ ਆਪਣਾ ਕਮਰਾ ਛੱਡ ਕੇ ਲਗਾਤਾਰ ਕੇਸ ਨਾ ਬਣਾਉਣ ਲਈ ਕਹਿੰਦੇ ਰਹੇ ਅਤੇ ਬਾਰ ਬਾਰ ਕਹਿਣ ਦੇ ਬਾਵਜੂਦ ਡਿਊਟੀ ਵਾਲੇ ਕਮਰੇ ਵਿੱਚ ਨਹੀ ਗਏ।

ਪੇਪਰ ਖਤਮ ਹੋਣ ਉਪਰੰਤ ਸ੍ਰੀ ਰਣਬੀਰ ਸਿੰਘ, ਸਾਇੰਸ ਮਾਸਟਰ, ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਾਜਿਲਕਾ, ਜਿਲ੍ਹਾ ਫਾਜਿਲਕਾ ਵੱਲੋਂ ਫਲਾਇੰਗ ਅਫਸਰ (ਜਿਲ੍ਹਾ ਸਾਇੰਸ ਸੁਪਰਵਾਇਜਰ ਫਿਰੋਜਪੁਰ) ਨੂੰ ਫੋਨ ਤੇ ਧਮਕੀ ਵੀ ਦਿੱਤੀ ਅਤੇ ਨਕਲ ਸਬੰਧੀ ਰਿਪੋਰਟ ਬਦਲਣ ਲਈ ਕਿਹਾ।

ਉਕਤ ਅਧਿਆਪਕ ਸ੍ਰੀ ਰਣਬੀਰ ਸਿੰਘ, ਸਾਇੰਸ ਮਾਸਟਰ, ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਾਜਿਲਕਾ, ਜਿਲ੍ਹਾ ਫਾਜਿਲਕਾ ਵੱਲੋ ਫਲਾਇੰਗ ਅਫਸਰ (ਜਿਲ੍ਹਾ ਸਾਇੰਸ ਸੁਪਰਵਾਇਜਰ ਫਿਰੋਜਪੁਰ) ਨੂੰ ਫੋਨ ਤੇ ਧਮਕੀ ਦੇਣਾ, ਬਦਸਲੂਕੀ ਕਰਨਾ ਅਤੇ ਪ੍ਰੀਖਿਆ ਦੌਰਾਨ ਨਕਲ ਨੂੰ ਬੜ੍ਹਾਵਾ ਦੇਣ ਆਦਿ ਕਾਰਨ ਸ੍ਰੀ ਰਣਬੀਰ ਸਿੰਘ, ਸਾਇੰਸ ਮਾਸਟਰ, ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਾਜਿਲਕਾ, ਜਿਲ੍ਹਾ ਫਾਜਿਲਕਾ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਤੁਰੰਤ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਰੋਪੜ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਡੀ.ਜੀ.ਐਸ.ਈ/ਕੋਆਰਡੀਨੇਸ਼ਨ/2013/ 005367 ਮਿਤੀ: 15.03.2013

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਚੰਡੀਗੜ੍ਹ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਾਜਿਲਕਾ ਅਤੇ ਰੋਪੜ ।
3. ਸਬੰਧਤ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।